ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ
www.chandigarh.gov.in
ਪ੍ਰੈਸ ਨੋਟ

ਚੰਡੀਗੜ੍ਹ, 23 ਜੁਲਾਈ :-ਨਮੀ ਦਾ ਪੱਧਰ ਵੱਧਣ ਨਾਲ ਚੰਡੀਗੜ੍ਹ ਵਿਚ ਚਮੜੀ ਦੇ ਰੋਗਾਂ ਦੀ ਸੰਖਿਆ ਵੀ ਵੱਧ ਰਹੀ ਹੈ। ਹਸਪਤਾਲਾਂ ਵਿਚ ਚਮੜੀ ਦੀ ਓਪੀਡੀ ਦੇ ਅੱਗੇ ਦਿਨ ਪ੍ਰਤੀ ਦਿਨ ਚਮੜੀ ਦੇ ਰੋਗਾਂ ਜਿਵੇਂ ਮਿਲੀਰੀਆ ਰੁਬਰਾ, ਫੂੰਗਲ ਇੰਨਫੈਕਸ਼ਨ, ਸਕੈਬੀਜ਼ ਅਤੇ ਪੈਡੀਕਿਊਲੋਸਿਸ , ਇਮਪੀਟੀਗੋ, ਚਿਕਨ ਪੋਕਸ ਆਦਿ ਨਾਲ ਪੀੜਿਤ ਲੋਕਾਂ ਦੀਆਂ ਕਤਾਰਾਂ ਵੱਧਦੀਆਂ ਜਾ ਰਹੀਆਂ ਹਨ।

ਅੱਜ਼ ਜ਼ੀਐਮਐਸਐਚ ਵਿਚ ਚਮੜੀ ਦੇ ਰੋਗਾਂ ਦੇ ਮਾਹਿਰ ਡਾ. ਐਸ.ਡੀ. ਮਹਿਤਾ ਨੇ ਕਿਹਾ ਕਿ ਗੌਰਮਿੰਟ ਮਲਟੀ ਸਪੈਸ਼ਿਲਟੀ ਹੋਸਪੀਟਲ (ਜ਼ੀਐਮਐਸਐਚ) ਸੈਕਟਰ 16 ਵਿਚ ਹਰ ਰੋਜ਼ ਤਕਰੀਬਨ 200 ਤੋਂ 250 ਤੱਕ ਅਜਿਹੇ ਮੀਰਜ਼ ਆਉਂਦੇ ਹਨ ਜੋ ਚਮੜੀ ਦੇ ਰੋਗ ਨਾਲ ਪ੍ਰਭਾਵਿਤ ਹਨ। ਮੈਂ ਹਰ ਰੋਜ਼ ਤਕਰੀਬਨ 30 ਤੋਂ 40 ਤੱਕ ਮਿਲੀਰੀਆ ਰੁਬਰਾ, 50 ਤੋਂ 60 ਤੱਕ ਸਕੈਬੀਜ਼, 50 ਤੋਂ 60 ਤੱਕ ਫੂੰਗਲ ਇੰਨਫੈਕਸ਼ਨ, 40 ਤੋਂ 50 ਤੱਕ ਇੰਮਪੈਟੀਗੋ ਅਤੇ ਫਿਊਰਨਕਲੋਸਿਸ ਦੇ ਮਰੀਜ਼ ਦੇਖਦਾ ਹਾਂ।

ਚਮੜੀ ਦੇ ਰੋਗ ਫਲਾਉਣ ਵਾਲੇ ਬੈਕਟੀਰੀਆ ਦੀ ਤੇਜ਼ੀ ਨਾਲ ਵੱਧਦੀ ਸੰਖਿਆ ਦਾ ਮੁੱਖ ਕਾਰਨ ਸਿੱਲ੍ਹ ਹੈ। ਫਿਊਰਨਕਲੋਸਿਸ (ਬਾਓਲ) ਇੱਕ ਹੋਰ ਤਰ੍ਹਾਂ ਦਾ ਚਮੜੀ ਰੋਗ ਹੈ ਜਿਸ ਕਾਰਨ ਚਮੜੀ ਤੇ ਦਰਦਨਾਕ ਫੋੜੇ ਹੋ ਜਾਂਦੇ ਹਨ ਅਤੇ ਉਹਨਾਂ ਵਿਚ ਪੀਕ ਵੀ ਭਰ ਜਾਂਦੀ ਹੈ। ਫੂੰਗਲ ਇੰਨਫੈਕਸ਼ਨ (ਦਾਦ) ਅਜਿਹਾ ਰੋਗ ਹੈ ਜੋ ਫੂੰਗੀ ਨਾਲ ਹੁੰਦਾ ਹੈ ਅਤੇ ਇਹ ਆਮ ਤੌਰ ਤੇ ਸਰੀਰ ਦੇ ਉਹਨਾਂ ਭਾਗਾਂ ਵਿਚ ਹੁੰਦਾ ਹੈ ਜਿੱਥੇ ਪਸੀਨਾ ਬਹੁਤ ਆਉਂਦਾ ਹੈ।

ਡਾ. ਮਹਿਤਾ ਨੇ ਦੱਸਿਆ ਕਿ ਇੰਮਪੈਟੀਗੋ ਚਮੜੀ ਦੀ ਆਮ ਬਿਮਾਰੀ ਹੈ ਜੋ ਜਿਆਦਾਤਰ ਬੱਚਿਆਂ ਅਤੇ ਨਵਜ਼ਾਤ ਬੱਚਿਆਂ ਵਿਚ ਪਾਈ ਜਾਂਦੀ ਹੈ। ਇਸ ਦਾ ਮੁੱਖ ਕਾਰਨ ਗਰਮ ਅਤੇ ਸਿੱਲ੍ਹੇ ਮੌਸਮ ਵਿਚ ਪੈਦਾ ਹੋਣ ਵਾਲੇ ਬੈਕਟੀਰੀਆ ਹਨ। ਸਫਾਈ ਨਾ ਰੱਖਣ ਕਾਰਨ ਵੀ ਇਹ ਬਿਮਾਰੀ ਵਧੇਰੇ ਫੈਲਦੀ ਹੈ।

ਸਕੇਬੀਜ਼ ਬਿਮਾਰੀ ਇੱਕ ਆਦਮੀ ਤੋਂ ਦੂਜ਼ੇ ਆਦਮੀ ਵਿਚ ਫੈਲਦੀ ਹੈ। ਇਸ ਨਾਲ ਵਿਅਕਤੀ ਨੂੰ ਕਾਫੀ ਦੇਰ ਲਗਾਤਾਰ ਖੁਜ਼ਲੀ ਹੁੰਦੀ ਹੈ। ਡਾ. ਮਹਿਰਾ ਨੇ ਕਿਹਾ ਕਿ ਬਹੁਤ ਸਾਰੇ ਚਮੜੀ ਰੋਗਾਂ ਤੋਂ ਬਚਣ ਲਈ ਸਰੀਰ ਨੂੰ ਸਾਫ ਅਤੇ ਸੁੱਕਾ ਰੱਖੋ, ਸੁਤੀ ਕੱਪੜੇ ਪਾਵੋ ਅਤੇ ਸਰੀਰ ਦਾ ਖਾਸ ਧਿਆਨ ਰੱਖੋ। ਚਮੜੀ ਰੋਗਾਂ ਵਿਚ ਉਪਚਾਰ ਨਾਲੋਂ ਬਚਾਅ ਵਧੇਰੇ ਵਧੀਆ ਹੈ। ਉਹਨਾਂ ਨੇ ਦੱਸਿਆ ਕਿ ਸਰੀਰ ਸੰਬੰਧੀ ਰੋਗਾਂ ਤੋਂ ਮੁਕਤ ਰਹਿਣ ਦੇ ਲਈ ਲੋਕਾਂ ਨੂੰ ਮਾਨਸੂਨ ਦੇ ਦੌਰਾਨ ਜਰੂਰੀ ਸਾਵਧਾਨੀ ਵਰਤਣੀ ਚਾਹੀਦੀ ਹੈ।